ਅੱਜ ਦੀ ਆਵਾਜ਼

# ਦੁਕਾਨਾਂ ਦੇ ਬਾਹਰ ਲਗਾਉਣੇ ਪੈਣਗੇ ਸਟਾਕ ਬੋਰਡ

**ਹਰਿਆਣਾ ਵੱਲੋਂ ਪਹਿਲ**

ਚੰਡੀਗੜ੍ਹ, 20 ਜਨਵਰੀ (ਡਾ. ਸਵਾਸਤਿਕ ਸ਼ਰਮਾ)- ਹਰਿਆਣਾ ਸਰਕਾਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜਿਲਾ ਖੁਰਾਕ ਅਤੇ ਸਪਲਾਈ ਕੰਟ੍ਰੋਲਰਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਲੋੜੀਂਦੀ ਵਸਤੂਆਂ, ਜਿਵੇਂ ਕਿ ਕਣਕ, ਚਾਵਲ, ਦਾਲਾਂ, ਖਾਣ ਵਾਲਾ ਤੇਲ, ਖਾਣ ਵਾਲੇ ਤੇਲ ਬੀਜਾਂ ਅਤੇ ਖੰਡ ਦੀ ਜਮ੍ਹਾਂਖੋਰੀ ਨੂੰ ਰੋਕਣ ਅਤੇ ਉਨ੍ਹਾਂ ਦੀ ਬਿਹਤਰ ਸਪਲਾਈ ਯਕੀਨੀ ਕਰਨ ਦੇ ਲਈ ਜਮ੍ਹਾਂ ਖੋਰੀ ਨਿਵਾਰਣ ਅਤੇ ਗੁਣਵੱਤਾ ਰੱਖ-ਰਖਾਓ ਆਦੇਸ਼, 1977 ਦੀ ਧਾਰਾ 10 ਦੇ ਰਾਹੀ ਜਾਰੀ ਕੀਤੇ ਗਏ ਸਟਾਕ ਦੇ ਐਲਾਨ ਸਬੰਧੀ ਆਦੇਸ਼ਾਂ ਦਾ ਸਖਤੀ ਨਾਲ ਅਨੁਪਾਲਣ ਯਕੀਨੀ ਬਣਾਉਣ ਖੁਰਾਕ ਅਤੇ ਸਪਲਾਈ ਵਿਭਾਗ ਦੇ ਇਕ ਬੁਲਾਰੇ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਜਿਲਾ ਅਧਿਕਾਰੀਆਂ ਦੁਆਰਾ ਥੋਕ ਵਿਕਰੇਤਾਵਾਂ ਅਤੇ ਪਰਚੂਨ ਵਿਕਰੇਤਾਵਾਂ ਦੇ ਸਟਾਕ ਦੀ ਚੈਕਿੰਗ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਸਟਾਕ ਵਿਚ ਸਟਾਕ ਰਜਿਸਟਰ ਦੇ ਅਨੁਸਾਰ ਲੋੜੀਂਦੀ ਵਸਤੂਆਂ ਦੀ ਮਾਤਰਾ ਪਾਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਰਾਜ ਵਿਚ ਲੋੜੀਂਦੀ ਵਸਤੂਆਂ ਦੇ ਕਾਫੀ ਭੰਡਾਰ ਉਪਲੱਬਧ ਹਨ ਅਤੇ ਜਮ੍ਹਾਂ ਖੋਰੀ ਦਾ ਕੋਈ ਵੀ ਮਾਮਲਾ ਹੁਣ ਤਕ ਅਧਿਕਾਰੀਆਂ ਦੇ ਨੋਟਿਸ ਵਿਚ ਨਹੀਂ ਆਇਆ ਹੈ। ਬੁਲਾਰੇ ਨੇ ਦਸਿਆ ਕਿ ਲੋੜੀਂਦੀ ਵਸਤੂਆਂ ਦੀ ਗਲਤ ਵਿਕਰੀ ਨੂੰ ਰੋਕਣ ਦੇ ਲਈ ਰਾਜ ਵਿਚ ਉਚਿਤ ਮੁੱਲ ਦੀਆਂ ਦੁਕਾਨਾਂ ਦਾ ਅਚਾਨਕ ਨਿਰੀਖਣ ਵੀ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਗਰੀਬੀ ਰੇਖਾ ਤੋਂ ਜੀਵਨ ਬਿਤਾਉਣ ਵਾਲੇ ਪਰਿਵਾਰਾਂ ਨੂੰ ਉੱਚਿਤ ਮੁੱਲ ਦੀਆਂ ਦੁਕਾਨਾਂ ਦੇ ਤਹਿਤ ਪ੍ਰਤੀ ਰਾਸ਼ਨ ਕਾਰਡ ਇਕ ਕਿਲੋ ਸਾਬੂਤ ਮੂੰਗ, ਦਾਲ ਦੀ ਵੰਡ ਕੀਤੀ ਜਾ ਰਹੀ ਹੈ ਅਤੇ ਭਵਿੱਖ ਵਿਚ ਪਰਿਵਾਰਾਂ ਨੂੰ ਉਚਿਤ ਮੁੱਲ ਦੀਆਂ ਦੁਕਾਨਾਂ ਦੇ ਤਹਿਤ ਕਾਲੇ ਚਨੇ ਅਤੇ ਉੜਦ ਦੀ ਦਾਲ ਦੀ ਵੀ ਵੰਡ ਕੀਤੀ ਜਾਵੇਗੀ।

# ਖੇਤ ਮਜ਼ਦੂਰਾਂ ਵੱਲੋਂ ਬੀ.ਡੀ.ਪੀ.ਓ ਦਫਤਰ ਅੱਗੇ ਧਰਨਾ

ਸ਼ਾਹਕੋਟ, 20 ਜਨਵਰੀ (ਜਿੰਦਰਪਾਲ ਸਿੰਘ)- ਵੱਧਦੀ ਮਹਿੰਗਾਈ ਨੂੰ ਨੱਥ ਪਾਉਣ, ਮਜ਼ਦੂਰਾਂ ਦੇ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਵਾਉਣ, ਸਰਕਾਰੀ ਡੀਪੂਆਂ ਰਾਹੀਂ ਸਸਤਾ ਅਨਾਜ ਹਾਸਲ ਕਰਨ ਲਈ, ਬੇਜ਼ਮੀਨੇ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ ਅਤੇ ਮਜ਼ਦੂਰਾਂ ਸਿਰ ਚੜ੍ਹੇ ਹਰ ਕਿਸਮ ਦੇ ਕਰਜ਼ੇ ਮਾਫ ਕਰਵਾਉਣ ਆਦਿ ਵਰਗੀਆਂ ਮੰਗਾਂ 'ਤੇ ਅੱਜ ਇੱਥੇ ਸਥਾਨਕ ਬੀ.ਡੀ.ਓ. ਦਫਤਰ ਅੱਗੇ ਖੇਤ ਮਜ਼ਦੂਰਾਂ ਨੇ ਧਰਨਾ ਦਿੱਤਾ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਦਿੱਤੇ ਧਰਨਿਆਂ ਦੇ ਸੱਦੇ ਤਹਿਤ ਅੱਜ ਇਥੇ ਹੱਡ ਚੀਰਵੀਂ ਠੰਢ ਦੇ ਬਾਵਜੂਦ ਭਾਰੀ ਗਿਣਤੀ ਖੇਤ ਮਜ਼ਦੂਰ ਜਿਨ੍ਹਾਂ ਵਿੱਚ ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ ਨੇ ਪਹਿਲਾਂ ਸਥਾਨਕ ਗਗਨ, ਸੁਰਜੀਤ ਪਾਰਕ ਤੋਂ ਇਕੱਠੇ ਹੋ ਕੇ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਅਤੇ ਉਪਰੰਤ ਦੋ ਘੰਟੇ ਬੀ.ਡੀ.ਓ. ਦਫਤਰ ਅੱਗੇ ਧਰਨਾ ਦਿੱਤਾ ਅਤੇ ਸਥਾਨਕ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਆਪਣਾ ਮੰਗ ਪੱਤਰ ਦਿੱਤਾ। ਧਰਨੇ ਤੇ ਜੁੜੇ ਲੋਕਾਂ ਨੂੰ ਸੰਬੋਧਨ ਕਰਦੇ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਕਿਹਾ ਕਿ ਵੱਧ ਰਹੀ ਮਹਿੰਗਾਈ ਨੇ ਮਜ਼ਦੂਰਾਂ ਦਾ ਲੱਕ-ਤੋੜ ਦਿੱਤਾ ਹੈ। ਉਨ੍ਹਾਂ ਵੱਧ ਰਹੀ ਮਹਿੰਗਾਈ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੋਹਾਂ ਨੂੰ ਹੀ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਜ਼ਖੀਰੇਬਾਜ਼ਾਂ ਨੂੰ ਖੁੱਲ੍ਹੇ ਗੱਫੇ ਦੇ ਕੇ ਦੋਹੇਂ ਸਰਕਾਰਾਂ ਗਰੀਬਾਂ ਨੂੰ ਭੁੱਖੀ ਮਾਰ ਕੇ ਗਰੀਬੀ ਦਾ ਖਾਤਮਾ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਮਹਿੰਗਾਈ ਸਾਰੇ ਹੱਦ ਬੰਨੇ ਟੱਪ ਚੁੱਕੀ ਹੈ ਤਾਂ ਇਸ ਮੌਕੇ ਬਾਦਲ ਸਰਕਾਰ ਵੱਲੋਂ ਡੀਪੂਆਂ 'ਤੇ ਮਿਲਦੇ ਮਾਮੂਲੀ ਰਾਸ਼ਨ ਵਿੱਚ ਵੀ ਕਟੌਤੀ ਕਰਨਾ ਗਰੀਬਾਂ ਨੂੰ ਭੁੱਖੇ ਮਾਰਨਾ ਨਹੀਂ ਤਾਂ ਹੋਰ ਕੀ ਹੈ? ਇਸ ਮੌਕੇ ਬੋਲਦੇ ਹੋਏ ਯੂਨੀਅਨ ਦੇ ਇਲਾਕਾ ਸਕੱਤਰ ਹਰਪਾਲ ਬਿੱਟੂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦਾ ਢਿੰਡੋਰਾ ਪਿੱਟਿਆ ਜਾ ਰਿਹਾ ਹੈ। ਉਹ ਸਿਰਫ ਗਰੀਬਾਂ ਦੇ ਅੱਖੀਂ ਘੱਟਾ ਪਾਉਣ ਲਈ ਹੀ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਮਜ਼ਦੂਰਾਂ ਨੂੰ ਕਿਤੇ ਵੀ ਰੁਜ਼ਗਾਰ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਜਾਗੀਰੂ ਚੌਧਰੀ ਅਤੇ ਭ੍ਰਿਸ਼ਟ ਅਫਸਰਸ਼ਾਹੀ ਇਹ ਸਕੀਮ ਰਾਹੀਂ ਆਪਣੀਆਂ ਝੋਲੀਆਂ ਭਰ ਰਹੀ ਹੈ, ਜਦਕਿ ਮਜ਼ਦੂਰ ਕੰਮ ਤੋਂ ਵਿਹਲੇ ਬੈਠੇ ਹਨ। ਇਸ ਮੌਕੇ ਬੋਲਦੇ ਹੋਏ ਯੂਨੀਅਨ ਦੇ ਇਲਾਕਾ ਖਜ਼ਾਨਚੀ ਸੁਖਜਿੰਦਰ ਲਾਲੀ ਨੇ ਕਿਹਾ ਕਿ ਮੁੱਖ ਮੰਤਰੀ ਬਾਦਲ ਫੋਕੇ ਲਾਰਿਆਂ ਦੇ ਗੱਫੇ ਤਾਂ ਬਹੁਤ ਦਿੰਦੇ ਹਨ, ਪਰ ਅਸਲੀ ਰੂਪ ਵਿੱਚ ਇਹ ਵਾਅਦੇ ਕਦੇ ਵਫਾ ਨਹੀਂ ਹੋਏ। ਉਨ੍ਹਾਂ ਦੱਸਿਆ ਕਿ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ, ਕਰਜੇ ਮੁਆਫ ਕਰਨ, ਖੁਦਕੁਸ਼ੀਆਂ ਦਾ ਮੁਆਵਜ਼ਾ ਦੇਣ ਆਦਿ ਵਰਗੀਆਂ ਮੰਗਾਂ ਮੁੱਖ ਮੰਤਰੀ ਬਾਦਲ ਕਈ ਵਾਰੀ ਜਥੇਬੰਦੀ ਦੇ ਸੂਬਾਈ ਆਗੂਆਂ ਨਾਲ ਹੋਈਆਂ ਮੀਟਿੰਗਾਂ ਸਮੇਂ ਮੰਨ ਚੁੱਕੇ ਹਨ ਪਰ ਫਿਰ ਵੀ ਇਹ ਮੰਗਾਂ ਲਾਗੂ ਨਹੀਂ ਹੋ ਰਹੀਆਂ। ਇਸ ਕਰਕੇ ਮਜ਼ਬੂਰਨ ਮਜ਼ਦੂਰਾਂ ਨੂੰ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪੈ ਰਿਹਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬੋਲਦੇ ਹੋਏ ਯੂਨੀਅਨ ਦੇ ਇਲਾਕਾ ਕਮੇਟੀ ਮੈਂਬਰ ਹਰਭਜਨ ਸਿੰਘ, ਕੁਲਵਿੰਦਰ ਨੂਰਪੁਰੀ ਅਤੇ ਸੁਰਿੰਦਰ ਟੋਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਸਾਮਰਾਜੀਆਂ ਦੇ ਇਸ਼ਾਰੇ 'ਤੇ ਲੋਕ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ, ਜਿਸਦੇ ਦੁਰਪ੍ਰਭਾਵ ਸਪੱਸ਼ਟ ਦਿਖਾਈ ਦੇ ਰਹੇ ਹਨ। ਪਰ ਲੋਕ ਵਿਰੋਧੀ ਸਰਕਾਰਾਂ ਦੋਹਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਦੀ ਆਵਾਜ਼ ਨੂੰ ਲਾਠੀ ਗੋਲੀ ਨਾਲ ਦਬਾ ਰਹੀਆਂ ਹਨ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਤਿੱਖੇ ਸੰਘਰਸ਼ਾਂ ਦੇ ਰਾਹ ਪੈਣ।

# ਸ਼ਰਾਬ ਫੈਕਟਰੀ ਦੇ ਮੁਲਾਜ਼ਮਾਂ ਦਾ ਧਰਨਾ 21 ਨੂੰ

ਜ਼ੀਰਾ, 20 ਜਨਵਰੀ (ਤਰਸੇਮ ਖੁਰਾਣਾ / ਰਾਜ਼ ਧਮੀਜ਼ਾ )-ਜ਼ੀਰਾ ਦੇ ਨਜਦੀਕ ਸਥਿਤ ਸ਼ਰਾਬ ਫੈਕਟਰੀ ਦੇ ਮਾਲਕਾਂ ਦੇ ਅੜੀਅਲ ਰਵਈਏ ਅਤੇ ਫੈਕਟਰੀ ਵਿਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੇ ਜਾਣ ਨੂੰ ਲੈ ਕੇ ਉਥੇ ਕੰਮ ਕਰਦੇ ਮੁਲਾਜ਼ਮਾਂ ਨੂੰ ਕੱਢੇ ਜਾਣ 'ਤੇ ਉਨ੍ਹਾਂ ਵੱਲੋਂ 21 ਜਨਵਰੀ ਨੂੰ ਸ਼ਰਾਬ ਫੈਕਟਰੀ ਅੱਗੇ ਧਰਨਾ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਫੈਕਟਰੀ ਵਿਚੋਂ ਕੱਢੇ ਗਏ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਸੁਖਦੇਵ, ਸੀਨੀਅਰ ਮੀਤ ਪ੍ਰਧਾਨ ਕੇਵਲ ਸਿੰਘ, ਮੀਤ ਪ੍ਰਧਾਨ ਸੋਨਾ ਸਿੰਘ, ਜਨਰਲ ਸਕੱਤਰ ਗੁਰਦੇਵ ਸਿੰਘ, ਨਿਹਾਲ ਸਿੰਘ ਲਹਿਰਾ ਖਜਾਨਚੀ, ਗੁਰਤੇਜ ਸਿੰਘ ਤਲਵੰਡੀ ਭਾਈ, ਕੁਲਵਿੰਦਰ ਸਿੰਘ ਮਨਸੂਰਵਾਲ ਅਤੇ ਸਰਬਜੀਤ ਸਿੰਘ ਲੌਂਗੋਦੇਵਾ ਨੇ ਦੱਸਿਆ ਕਿ ਸ਼ਰਾਬ ਫੈਕਟਰੀ ਦੇ ਮਾਲਕਾਂ ਨੇ ਉਨ੍ਹਾਂ ਨੂੰ 31 ਦਸੰਬਰ 09 ਨੂੰ ਫੈਕਟਰੀ ਵਿਚੋਂ ਕੱਢ ਦਿੱਤਾ ਅਤੇ ਇਕ ਜਨਵਰੀ ਨੂੰ ਦੁਬਾਰਾ ਡਿਊਟੀ 'ਤੇ ਜਾਣ 'ਤੇ ਹਾਜ਼ਰੀ ਨਹੀਂ ਲਗਾਈ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਹਿਲਾਂ ਸਮਝੌਤਾ ਹੋ ਚੁੱਕਾ ਹੈ ਅਤੇ 3300 ਰੁਪਏ ਤਨਖਾਹ ਤੋਂ ਇਲਾਵਾ ਐਤਵਾਰ ਦੀ ਛੁਟੀ ਨਾ ਦੇਣ ਅਤੇ ਵਾਧੂ ਟਾਇਮ ਲਗਾਉਣ ਦਾ ਕੋਈ ਪੈਸਾ ਨਹੀਂ ਦਿੱਤਾ ਜਾ ਰਿਹਾ ਅਤੇ ਪੁੱਛੇ ਜਾਣ 'ਤੇ ਕਿਹਾ ਜਾਂਦਾ ਹੈ ਕਿ ਤੁਹਾਡੇ ਪੈਸੇ ਜਮ੍ਹਾਂ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਮੁਲਾਜ਼ਮ 21 ਜਨਵਰੀ 2010 ਨੂੰ ਸਵੇਰੇ 6 ਵਜੇ ਫੈਕਟਰੀ ਦੇ ਗੇਟ ਅੱਗੇ ਧਰਨਾ ਦਿੱਤਾ ਜਾਵੇਗਾ ਅਤੇ ਅਗਲੀ ਸ਼ਿਫਟ ਲਈ ਬਾਹਰੋਂ ਕਿਸੇ ਵੀ ਮੁਲਾਜ਼ਮ ਨੂੰ ਫੈਕਟਰੀ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

# ਗ਼ਰੀਬਾਂ ਦੀ ਭਲਾਈ ਵੱਲ ਵੀ ਸਰਕਾਰ ਧਿਆਨ ਦੇਵੇ-ਦਲਵੀਰ

ਗੜ੍ਹਸ਼ੰਕਰ, 20 ਜਨਵਰੀ (ਪ.ਪ.)-ਅੱਜ ਉੱਘੇ ਸਮਾਜ ਸੇਵਕ ਦਲਵੀਰ ਸਿੰਘ ਮਾਲਕ ਦਲਵੀਰ ਸਿੰਘ ਪ੍ਰਿੰਟਿੰਗ ਪ੍ਰੈਸ ਗੜ੍ਹਸ਼ੰਕਰ ਨੇ ਦੱਸਿਆ ਕਿ ਬਾਦਲ ਸਾਹਿਬ ਗਰੀਬਾਂ ਦਾ ਮਸੀਹਾ ਹੈ ਜੋ ਗ਼ਰੀਬਾਂ ਲਈ ਆਟਾ-ਦਾਲ ਤੋਂ ਇਲਾਵਾ ਹੋਰ ਕੁੱਝ ਨਹੀਂ ਸੋਚਿਆ। ਜਦਕਿ ਮਹਾਰਾਸ਼ਟਰ ਸਰਕਾਰ ਨੇ ਚੀਨੀ 20 ਰੁ: ਦਾ ਐਲਾਨ ਕਰ ਦਿੱਤਾ ਹੈ। ਸੋ ਬਾਦਲ ਜੀ ਗਰੀਬ ਮਜ਼ਦੂਰ, ਦਿਹਾੜੀਦਾਰ ਨੂੰ ਜੋ ਮਹੀਨੇ ਵਿੱਚ 15-20 ਦਿਨ ਹੀ ਕੰਮ ਮਿਲਦਾ ਹੈ ਉਸ ਦਾ ਗੁਜ਼ਾਰਾ ਬਹੁਤ ਹੀ ਮੁਸ਼ਕਿਲ ਨਾਲ ਚੱਲ ਰਿਹਾ ਹੈ। ਇਨ੍ਹਾਂ ਵਾਸਤੇ ਰੋਟੀ ਵਾਸਤੇ ਲੱਕੜਾਂ, ਗੈਸ, ਮਿੱਟੀ ਦਾ ਤੇਲ ਜ਼ਰੂਰੀ ਹੈ ਪਰ ਗ਼ਰੀਬ ਆਦਮੀ ਤਾਂ ਮਿੱਟੀ ਦਾ ਤੇਲ ਹੀ ਲੈ ਸਕਦਾ ਹੈ। ਸਰਕਾਰ ਇਸ ਵੱਲ ਵਿਸ਼ੇਸ਼ ਧਿਆਨ ਦੇਵੇ।

# ਚਾਵਲਾ ਇਲੈਕਟ੍ਰੀਕਲ ਡੀਲਰਜ਼ ਐਸੋ. ਦੇ ਚੌਥੀ ਵਾਰ ਬਣੇ ਪ੍ਰਧਾਨ

ਤਰਨ ਤਾਰਨ, 20 ਜਨਵਰੀ (ਦਾਰਾ ਸਿੰਘ ਪਰਵਾਨਾ)-ਤਰਨ ਤਾਰਨ ਇਲੈਕਟ੍ਰੀਕਲਜ਼ ਡੀਲਰਜ਼ ਐਸੋਸੀਏਸ਼ਨ ਦੀ ਸਾਲਾਨਾ ਚੋਣ ਵਿੱਚ ਅਮਰਜੀਤ ਸਿੰਘ ਚਾਵਲਾ ਨੂੰ ਸਰਬਸੰਮਤੀ ਨਾਲ ਮੁੜ ਤੋਂ ਚੌਥੀ ਵਾਰ ਜ਼ਿਲ੍ਹਾ ਪ੍ਰਧਾਨ ਚੁਣ ਲਿਆ ਗਿਆ। ਚੋਣ ਵਿੱਚ ਪ੍ਰਭਦਿਆਲ ਸਿੰਘ ਸੀਨੀ. ਮੀਤ ਪ੍ਰਧਾਨ, ਪਤਵੰਤ ਸਿੰਘ ਅਤੇ ਸੁਰਜੀਤ ਸਿੰਘ ਦੋਵੇਂ ਮੀਤ ਪ੍ਰਧਾਨ, ਨਵਜੋਤ ਸਿੰਘ ਰੋਮੀ, ਜਨਰਲ ਸਕੱਤਰ ਵਿਕਾਸ ਮਰਵਾਹਾ ਜਾਇੰਟ ਸਕੱਤਰ ਅਤੇ ਅਮਿਤ ਮਰਵਾਹਾ ਨੂੰ ਕੈਸ਼ੀਅਰ ਚੁਣ ਲਿਆ ਗਿਆ। ਐਸੋਸੀਏਸ਼ਨ ਦੀ ਕਾਰਜਕਾਰਨੀ ਮੈਂਬਰਾਂ ਦੀ ਜਾਣਕਾਰੀ ਦਿੰਦੇ ਹੋਏ ਅਮਰਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਸੋਹਣ ਸਿੰਘ, ਵਰਿੰਦਰ ਸਿੰਘ ਖਾਲਸਾ, ਧਰਮ ਸਿੰਘ, ਪ੍ਰਮੋਦ ਕੁਮਾਰ ਤੇ ਰਣਬੀਰ ਸਿੰਘ ਰਾਜੂ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਇਲੈਕਟ੍ਰੀਕਲ ਡੀਲਰਜ਼ ਐਸੋਸੀਏਸ਼ਨ ਨਾਲ ਜੁੜ ਕੇ ਇਕਮੁੱਠ ਹੋ ਕੇ ਐਸੋਸੀਏਸ਼ਨ ਦੀ ਮਜ਼ਬੂਤੀ ਲਈ ਕਾਰਜ ਕਰਨ। ਇਸ ਮੌਕੇ ਰਵੀ ਅਰੋੜਾ, ਮਨੂ ਦੀਪ ਸਿੰਘ, ਕਰਮਜੀਤ ਸਿੰਘ, ਮਨਜਿੰਦਰ ਸਿੰਘ, ਸ਼ੈਲਾ ਸਿੰਘ ਆਦਿ ਵੀ ਹਾਜ਼ਰ ਸਨ।

# ਬੰਦ ਪਈਆਂ ਖੰਡ ਮਿੱਲਾਂ ਨੂੰ ਮੁੜ ਚਾਲੂ ਕੀਤਾ ਜਾਵੇ- ਗੁਰਜੀਤ ਸਿੰਘ

ਤਰਨਤਾਰਨ, 20 ਜਨਵਰੀ (ਦਾਰਾ ਸਿੰਘ ਪਰਵਾਨਾ)-ਪੰਜਾਬ ਸਰਕਾਰ ਦਾ ਸਰਮਾਇਆ ਅਤੇ ਗ਼ਰੀਬ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਪੰਜਾਬ ਦੀਆਂ ਬੰਦ ਪਈਆ ਖੰਡ ਮਿੱਲਾਂ ਨੂੰ ਮੁੜ ਚਾਲੂ ਕਰਨ ਲਈ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਲ ਇੰਡੀਆ ਲੋਕ ਲਹਿਰ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਗੁਰਜੀਤ ਸਿੰਘ ਅਰੋੜਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਖੰਡ ਮਿੱਲਾਂ ਦੇ ਬੰਦ ਹੋਣ ਨਾਲ ਜਿਥੇ ਮਿੱਲਾਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਭੁੱਖਮਰੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਉਥੇ ਹੀ ਕਿਸਾਨਾਂ ਨੂੰ ਵੀ ਆਰਥਿਕ ਤੰਗੀ ਦੇ ਦੌਰ ਵਿਚੋਂ ਲੰਘਣਾ ਪੈ ਰਿਹਾ ਹੈ, ਉਥੇ ਪੰਜਾਬ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੀਆਂ ਇਹ ਖੰਡ ਮਿੱਲਾਂ ਪੰਜਾਬ ਅਤੇ ਕੇਂਦਰ ਦੀਆਂ ਗਲਤ ਨੀਤੀਆਂ ਕਾਰਨ ਬੰਦ ਹੋ ਗਈਆਂ ਹਨ। ਸਰਕਾਰ ਇਨ੍ਹਾਂ ਮਿੱਲਾਂ ਨੂੰ ਜਾਂ ਤਾਂ ਕੌਡੀਆਂ ਦੇ ਭਾਅ ਵੱਡੇ ਸਰਮਾਏਦਾਰਾਂ ਨੂੰ ਵੇਚਣਾ ਚਾਹੁੰਦੀ ਹੈ ਜਾਂ ਫਿਰ ਆਪਣੇ ਚਹੇਤਿਆਂ ਨੂੰ ਦੇਣਾ ਚਾਹੁੰਦੀ ਹੈ। ਅਰੋੜਾ ਨੇ ਕਿਹਾ ਕਿ ਆਲ ਇੰਡੀਆ ਲੋਕ ਲਹਿਰ ਪਾਰਟੀ ਖੰਡ ਮਿੱਲਾਂ ਨੂੰ ਮੁੜ ਸੁਰਜੀਤ ਕਰਨ ਦੀ ਮੰਗ ਕਰਦੀ ਹੋਈ ਖੰਡ ਦੇ ਵਧੇ ਭਾਅ ਦਾ ਵਿਰੋਧ ਕਰਦੀ ਹੈ। ਇਸ ਮੌਕੇ ਡਾ. ਕੇਵਲ ਸਿੰਘ, ਕਰਮਨ ਸਿੰਘ, ਪ੍ਰਿਥੀਪਾਲ ਸਿੰਘ, ਅਮਰਜੀਤ ਸਿੰਘ, ਹਰਜਿੰਦਰ ਸਿੰਘ, ਅਮਨਦੀਪ ਸਿੰਘ, ਮਨੋਹਰ ਸਿੰਘ ਆਦਿ ਵੀ ਹਾਜ਼ਰ ਸਨ।

# ਕੋਅਪ੍ਰੇਟਿਵ ਸੁਸਾਇਟੀਆਂ ਕਿਸਾਨਾਂ ਨੂੰ ਘਰੇਲੂ ਖਰਚ ਵਾਸਤੇ ਨਕਦ ਪੈਸੇ ਦੇਣ

ਮੱਖੂ, 20 ਜਨਵਰੀ (ਮੱਲ੍ਹੀ)- ਕਿਸਾਨਾਂ ਦੀ ਸਹੂਲਤ ਵਾਸਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਖਾਦ ਤੇਲ ਦੇ ਕਰਜ਼ੇ ਤੋਂ ਬਿਨਾਂ ਦੋ ਹਜ਼ਾਰ ਪ੍ਰਤੀ ਏਕੜ ਹਿਸਾਬ ਨਾਲ ਘਰ ਦਾ ਪ੍ਰਚੂਨ ਸੌਦਾ ਕਰਿਆਨਾ ਖਰੀਦਣ ਲਈ ਦਿੱਤੇ ਜਾਂਦੇ ਹਨ, ਪਰ ਸੁਸਾਇਟੀ ਕੋਲ ਬਿਨਾਂ ਡਾਲਡਾ ਘਿਉ ਜਾਂ ਪਸ਼ੂਆਂ ਦੀ ਖੁਰਾਕ ਤੋਂ ਬਿਨਾਂ ਹੋਰ ਕੋਈ ਸੌਦਾ ਨਹੀਂ। ਸੁਸਾਇਟੀ ਦੇ ਅਧਿਕਾਰੀ ਕਿਸਾਨਾਂ ਨੂੰ ਨਕਦ ਪੈਸੇ ਦੇਣ ਲਈ ਤਿਆਰ ਨਹੀਂ ਕਿਸਾਨਾਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਕਿਸਾਨਾਂ ਨੂੰ ਇਹ ਪੈਸੇ ਨਕਦ ਦਿੱਤੇ ਜਾਣ ਤੇ ਦੂਸਰਾ ਕਰਿਆਨਾ ਖਰੀਦਣ ਲਈ ਸਰਕਾਰ ਜੋ ਪਰ ਏਕੜ ਦੇ ਹਿਸਾਬ ਰਕਮ ਕਰਜ਼ੇ ਵਜੋਂ ਦਿੰਦੀ ਹੈ, ਉਹ ਰਕਮ ਘਰ ਦੇ ਖਰਚ ਦੇ ਹਿਸਾਬ ਨਾਲ ਦੇਵੇ ਜਾਂ ਪਰਿਵਾਰ ਦੇ ਹਿਸਾਬ ਨਾਲ ਦੇਵੇ। ਕਿਉਂਕਿ ਛੋਟੇ ਕਿਸਾਨ ਦੇ ਘਰ ਖਰਚ ਕਿਹੜਾ ਘੱਟ ਹੁੰਦਾ ਹੈ ਤਾਂ ਕਿ ਥੋੜ੍ਹੀ ਜ਼ਮੀਨ ਵਾਲੇ ਕਿਸਾਨ ਵੀ ਇਸ ਸਹੂਲਤ ਦਾ ਲਾਭ ਲੈ ਸਕਣ।

# ਪੰਜਾਬ ਦੇ 18 ਤੋਂ 35 ਸਾਲ ਦੇ ਨੌਜਵਾਨ ਪੂਰੀ ਤਰ੍ਹਾਂ ਨਸ਼ੇ ਦੀ ਜਕੜ 'ਚ-ਕੁੰਵਰ ਵਿਜੈ ਪ੍ਰਤਾਪ ਸਿੰਘ

ਅੰਮ੍ਰਿਤਸਰ, 20 ਜਨਵਰੀ (ਮੋਤਾ ਸਿੰਘ)-ਨਸ਼ੇ ਦੀ ਲਾਹਨਤ ਉਮਰ, ਵਰਗ ਅਤੇ ਨੈਤਿਕਤਾ ਤੋਂ ਉੱਪਰ ਉੱਠ ਕੇ ਪੰਜਾਬ ਦੇ 18 ਤੋਂ 35 ਸਾਲ ਦੇ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿੱਚ ਲੈ ਰਹੀ ਹੈ। ਨਸ਼ਾ ਇਕ ਵੱਡੀ ਸਮਾਜਿਕ ਬੁਰਾਈ ਹੈ, ਜਿਹੜੀ ਕਿ ਘੁਣ ਵਾਂਗ ਸਮਾਜ ਨੂੰ ਖੋਖਲਾ ਕਰ ਹੀ ਹੈ। ਇਹ ਵਿਚਾਰ ਅੰਮ੍ਰਿਤਸਰ ਦੇ ਸਾਬਕਾ ਐਸ.ਐਸ. ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅੱਜ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਨਸ਼ਿਆਂ ਦੇ ਖਿਲਾਫ਼ ਵਿੱਢੀ ਮੁਹਿੰਮ ਦੇ ਹਿੱਸ ਵਜੋਂ ਕਰਵਾਏ ਗਏ ਇਕ ਵਿਸ਼ੇਸ਼ ਨੁੱਕੜ ਨਾਟਕ 'ਨਸ਼ਾ ਮੁਕਤ ਪੰਜਾਬ' ਮੌਕੇ ਯੂਨੀਵਰਸਿਟੀਆਂ ਦੇ ਦਸਮੇਸ਼ ਆਡੀਟੋਰੀਅਮ ਵਿੱਚ ਪੇਸ਼ ਕੀਤੇ। ਇਹ ਨਾਟਕ ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਵੱਲੋਂ ਕਰੋਨਿਕ ਕੇਅਰ ਫਾਊਂਡੇਸ਼ਨ ਨਵੀਂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਰਜਿਸਟਰਾਰ ਡਾ. ਇੰਦਰਜੀਤ ਸਿੰਘ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ ਜਦੋਂ ਕਿ ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਮੁੱਖ ਮਹਿਮਾਨ ਸਨ। ਸੋਸ਼ਿਆਲੋਜੀ ਵਿਭਾਗ ਦੇ ਪ੍ਰੋਫ਼ੈਸਰ, ਡਾ. ਆਰ.ਐਸ. ਸੰਧੂ ਨੇ 'ਨਸ਼ੇ ਦੀ ਆਦਤ-ਸਮਾਜਿਕ ਬੁਰਾਈ' ਵਿਸ਼ੇ 'ਤੇ ਭਾਸ਼ਣ ਦਿੱਤਾ। ਮਾਲਵੇ ਦੇ ਨੌਜਵਾਨ ਭੁੱਕੀ ਦਾ ਸੇਵਨ ਕਰਦੇ ਹਨ ਜਦੋਂ ਕਿ ਮਾਝੇ ਅਤੇ ਦੁਆਬੇ ਵਾਲੇ ਸ਼ਰਾਬ ਦਾ ਸੇਵਨ ਵਧੇਰੇ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਥੈਟਿਕ ਨਸ਼ਿਆਂ ਦਾ ਸੇਵਨ ਅੰਮ੍ਰਿਤਸਰ ਦੇ ਪੇਂਡੂ ਖੇਤਰਾਂ ਤੋਂ ਇਲਾਵਾ ਜਲੰਧਰ ਦੇ ਆਸ-ਪਾਸ ਦੇ ਖੇਤਰਾਂ ਵਿੱਚ ਵਧੇਰੇ ਪ੍ਰਚਲਿਤ ਹੈ। ਉਨ੍ਹਾਂ ਕਿਹਾ ਕਿ ਕੁਆਰੇ ਗਰੈਜੂਏਟ ਨੌਜਵਾਨ ਸਮੈਕ ਦੇ ਨਸ਼ੇ ਨੂੰ ਤਰਜੀਹ ਦਿੰਦੇ ਹਨ ਜਦੋਂ ਕਿ ਅਨਪੜ੍ਹ ਅਤੇ ਘੱਟ ਪੜ੍ਹੇ ਭੁੱਕੀ ਨੂੰ।

ਉਨ੍ਹਾ ਕਿਹਾ ਕਿ ਨਸ਼ੇਖੋਰੀ ਦਾ ਵਧੇਰੇ ਕਾਰਨ ਬੇਰੁਜ਼ਗਾਰੀ, ਆਸਾਨੀ ਨਾਲ ਨਸ਼ਿਆਂ ਦੀ ਉਪਲਬਧਤਾ ਅਤੇ ਭ੍ਰਿਸ਼ਟ ਸਮਾਜ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵਲੋਂ ਇਸ ਲਾਹਨਤ 'ਤੇ ਕਾਬੂ ਪਾਉਣ ਲਈ ਕੀਤੇ ਜਾ ਰਹੇ ਉਪਰਾਲੇ ਬਹੁਤੇ ਤਸੱਲੀਬਖਸ਼ ਨਹੀਂ ਹਨ। ਇਹ ਬਹੁਤ ਮੰਦਭਾਗੀ ਗੱਲ ਹੈ ਕਿ ਨਸ਼ੇ ਨੂੰ ਅਜੇ ਵੀ ਨਿੱਜੀ ਅਤੇ ਪਰਿਵਾਰਕ ਸਮੱਸਿਆ ਸਮਝਿਆ ਗਿਆ ਹੈ ਨਾ ਕਿ ਸਮਾਜਿਕ ਬੁਰਾਈ। ਇਸ ਤੋਂ ਪਹਿਲਾਂ ਡੀਨ, ਵਿਦਿਆਰਥੀ ਭਲਾਈ, ਡਾ. ਐਮ.ਪੀ.ਐਸ. ਈਸ਼ਰ ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਨੂੰ ਜੀ ਆਇਆਂ ਆਖਿਆ ਜਦੋਂਕਿ ਯੁਵਕ ਭਲਾਈ ਵਿਭਾਗ ਦੀ ਡਾਇਰੈਕਟਰ, ਡਾ. ਜਗਜੀਤ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਉਪਰੰਤ ਕਰੋਨਿਕ ਕੇਅਰ ਫਾਊਂਡੇਸ਼ਨ, ਨਵੀਂ ਦਿੱਲੀ ਦੇ ਕਲਾਕਾਰਾਂ ਵੱਲੋਂ ਨੁੱਕੜ ਨਾਟਕ ਵੀ ਖੇਡਿਆ ਗਿਆ।

# ਦੇਸ ਰਾਜ ਬੱਗਾ ਸਰਬਸੰਮਤੀ ਨਾਲ ਪ੍ਰਧਾਨ ਬਣੇ



ਅਹਿਮਦਗੜ੍ਹ, 20 ਜਨਵਰੀ (ਦੇਸ ਰਾਜ ਸ਼ਰਮਾ)-ਸਥਾਨਕ ਸ਼ਹਿਰ ਦੇ ਰੇਲਵੇ ਰੋਡ 'ਤੇ ਥਾਪਰ ਮਾਰਕੀਟ ਯੂਨੀਅਨ ਦੀ ਚੋਣ ਭਾਜਪਾ ਯੁਵਾ ਮੋਰਚਾ ਦੇ ਸਾਬਕਾ ਪ੍ਰਧਾਨ ਜਗਦੀਸ਼ ਬਬਲੀ ਦੀਆਂ ਕੋਸ਼ਿਸ਼ਾਂ ਸਦਕਾ ਸਰਬਸੰਮਤੀ ਨਾਲ ਹੋਈ। ਇਸ ਮਾਰਕੀਟ ਵਿੱਚ ਜਗਦੀਸ਼ ਬਬਲੀ ਭਾਜਪਾ ਆਗੂ ਦਾ ਕਾਫੀ ਪ੍ਰਭਾਵ ਹੋਣ ਕਰਕੇ ਹੀ ਇਹ ਚੋਣ ਮੁਕਾਬਲਾ ਹੋਇਆ। ਇਸ ਚੋਣ ਵਿੱਚ ਮੁੱਖ ਮਹਿਮਾਨ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਭਾਜਪਾ ਆਗੂ ਸ੍ਰੀ ਰਮੇਸ਼ ਚੰਦ ਘਈ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ 'ਤੇ ਬੋਲਦਿਆਂ ਉਨ੍ਹਾਂ ਦੁਕਾਨਦਾਰ ਭਰਾਵਾਂ ਨੂੰ ਏਕਾ ਬਣਾਈ ਰੱਖਣ ਦੀ ਅਪੀਲ ਕੀਤੀ ਕਿ ਜੋ ਕੰਮ ਮਾਰਕੀਟ ਦੇ ਰੁਕੇ ਹੋਏ ਹਨ ਉਨ੍ਹਾਂ ਨੂੰ ਪੂਰਾ ਕਰਵਾਇਆ ਜਾ ਸਕੇ। ਇਸ ਮੌਕੇ ਵਾਈਸ ਪ੍ਰਧਾਨ ਸ੍ਰੀ ਜਗਤਾਰ ਸਿੰਘ ਕੌੜਾ ਭਾਜਪਾ ਨੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂਕਿਹਾ ਕਿ ਐਸੋਸੀਏਸ਼ਨਾਂ ਦਾ ਗਠਨ ਕਰਨਾ ਸਮੇਂ ਦੀ ਲੋੜ ਹੈ।

# ਏ.ਟੀ.ਐਮ. ਲੁੱਟਣ ਦੀ ਅਸਫ਼ਲ ਕੋਸ਼ਿਸ਼

ਅੱਪਰਾ, 20 ਜਨਵਰੀ (ਧਰਮ ਪਾਲ)-ਸਥਾਨਕ ਮੇਨ ਰੋਡ 'ਤੇ ਸਥਿਤ ਸਟੇਟ ਬੈਂਕ ਆਫ ਇੰਡੀਆ ਦਾ ਏ.ਟੀ.ਐਮ. ਲੁੱਟਣ ਦੀ ਅਸਫ਼ਲ ਕੋਸ਼ਿਸ਼ ਦਾ ਸਮਾਚਾਰ ਹੈ। ਬੀਤੀ ਰਾਤ ਲਗਭਗ 11 ਵਜੇ ਦੀ ਇਹ ਘਟਨਾ ਵਾਪਰੀ। ਸੀ.ਸੀ. ਟੀ.ਵੀ. ਕੈਮਰੇ ਦੀ ਫੁੱਟੇਜ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਮੋਨੇ ਦੋ ਨੌਜਵਾਨ ਏ.ਟੀ.ਐਮ. ਦੇ ਅੰਦਰ ਦਾਖਲ ਹੋਏ ਜਿਨ੍ਹਾਂ ਦੇ ਹੱਥ ਵਿਚ ਲੋਹੇ ਦੀ ਰਾਡ ਸੀ ਉਨ੍ਹਾਂ ਨੇ ਏ.ਟੀ.ਐਮ. ਦੀ ਭੰਨ ਤੋੜ ਕੀਤੀ। ਲਗਭਗ ਅੱਧਾ ਘੰਟਾ ਇਹ ਨੌਜਵਾਨ ਏ.ਟੀ.ਐਮ. ਦੀ ਭੰਨਤੋੜ ਕਰਦੇ ਰਹੇ ਅਤੇ ਨਾਕਾਮ ਰਹੇ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਇਸ ਬੈਂਕ ਤੋਂ ਕੁਝ ਹੀ ਦੂਰੀ 'ਤੇ ਪੁਲਿਸ ਚੌਂਕੀ ਹੈ। ਸੂਚਨਾ ਮਿਲਦੇ ਹੀ ਪੁਲਿਸ ਪਾਰਟੀ ਮੌਕੇ 'ਤੇ ਪਹੁੰਚ ਗਈ। ਇਸ ਸਬੰਧੀ ਬੈਂਕ ਦੇ ਮੈਨੇਜਰ ਸ੍ਰੀ ਰਾਜੀਵ ਕੁਮਾਰ ਚੋਪੜਾ ਨੇ ਕਿਹਾ ਕਿ ਪੁਲਿਸ ਚੌਂਕੀ ਵਿੱਚ ਇਸ ਦੀ ਲਿਖਤੀ ਰਿਪੋਰਟ ਦਰਜ ਕਰਵਾ ਦਿੱਤੀ ਹੈ। ਚੌਂਕੀ ਇੰਚਾਰਜ ਏ.ਐਸ.ਆਈ. ਸੁਭਾਸ਼ ਬਾਠ ਨੇ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਨਵਾਂ ਸਰਪੰਚ ਚੁਣ ਲਿਆ

ਭਵਾਨੀਗੜ੍ਹ, 20 ਜਨਵਰੀ (ਲਖਵਿੰਦਰ ਪਾਲ ਗਰਗ)-ਨੇੜਲੇ ਪਿੰਡ ਫੱਗੂਵਾਲਾ ਦੀ ਗ੍ਰਾਮ ਪੰਚਾਇਤ ਦੇ ਛੇ ਪੰਚਾਇਤ ਮੈਂਬਰਾਂ ਨੇ ਮੌਜੂਦਾ ਸਰਪੰਚ ਵੱਲੋਂ ਉਨ੍ਹਾਂ ਨੂੰ ਵਿਕਾਸ ਕਾਰਜਾਂ ਦੇ ਕੰਮਾਂ 'ਚੋਂ ਅੱਖੋਂ-ਪਰੋਖੇ ਕਰਨ ਕਰਕੇ ਸਰਪੰਚ ਵਿਰੁੱਧ ਬੇਭਰੋਸਗੀ ਜਿਤਾਉਂਦਿਆਂ ਹੋਏ ਆਪਣੇ ਪੰਚਾਇਤ ਮੈਂਬਰਾਂ 'ਚੋਂ ਇੱਕ ਨੂੰ ਸਰਪੰਚ ਚੁਣ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਫੱਗੂਵਾਲਾ ਦੀ ਗ੍ਰਾਮ ਪੰਚਾਇਤ ਦੇ ਪੰਚਾਇਤ ਮੈਂਬਰਾਂ 'ਚੋਂ ਬਖਤੌਰ ਸਿੰਘ ਦੀ ਅਗਵਾਈ ਹੇਠ ਇੱਕ ਮੀਟਿੰਗ ਕੀਤੀ ਗਈ। ਜਿਸ 'ਚ ਨਿਰਮਲ ਸਿੰਘ, ਬਲਦੇਵ ਸਿੰਘ, ਕਰਮਜੀਤ ਸਿੰਘ, ਰਾਣੀ ਬੇਗਮ, ਹਰਜੀਤ ਕੌਰ (ਸਾਰੇ ਪੰਚਾਇਤ ਮੈਂਬਰ) ਨੇ ਭਾਗ ਲਿਆ ਅਤੇ ਮੌਜੂਦਾ ਸਰਪੰਚ ਉੱਤੇ ਦੋਸ਼ ਲਗਾਇਆ ਕਿ ਸਰਪੰਚ ਨੇ ਇਨ੍ਹਾਂ ਪੰਚਾਂ ਨੂੰ ਵਿਕਾਸ ਦੇ ਕੰਮ ਕਰਨ ਸਮੇਂ ਦੂਰ ਰੱਖਿਆ ਅਤੇ ਸਰਕਾਰ ਵੱਲੋਂ ਆਈਆਂ ਸਕੀਮਾਂ ਜਿਵੇਂ ਨਰੇਗਾ ਸਕੀਮ, ਗਲੀਆਂ, ਨਾਲੀਆਂ ਲਈ ਆਈ ਗ੍ਰਾਂਟ ਦਾ ਸਰਪੰਚ ਦੇ ਦੁਰਉਪਯੋਗ ਕੀਤਾ ਹੈ। ਜਿਸ ਕਾਰਨ ਹੀ ਇਨ੍ਹਾਂ ਸਾਰਿਆਂ ਨੇ ਸਰਪੰਚ ਨੂੰ ਛੱਡ ਕਿ ਨਵਾਂ ਸਰਪੰਚ ਚੁਣਿਆ ਹੈ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਿੰਡ 'ਚ ਸਰਕਾਰ ਵੱਲੋਂ ਪ੍ਰਬੰਧਕ ਲਗਾ ਕੇ ਪਿੰਡ ਦੇ ਵਿਕਾਸ ਕਾਰਜਾਂ ਨੇਪਰੇ ਚਾੜ੍ਹਿਆ ਜਾਵੇ। ਇਸ ਮੌਕੇ ਜਥੇਦਾਰ ਜੋਗਾ ਸਿੰਘ ਫੱਗੂਵਾਲਾ ਸਾਬਕਾ ਅੰਡਰਿੰਗ ਕਮੇਟੀ ਮੈਂਬਰ, ਨਛੱਤਰ ਸਿੰਘ ਸਾਬਕਾ ਸਰਪੰਚ, ਮਲਕੀਤ ਸਿੰਘ, ਸੁਖਰਾਜ ਸਿੰਘ, ਲਖਵੀਰ ਸਿੰਘ, ਗੁਰਦੀਪ ਸਿੰਘ, ਨਾਜਰ ਖਾਨ, ਕਰਤਾਰ ਸਿੰਘ, ਇਕਬਾਲ ਸਿੰਘ, ਦੀਦਾਰ ਸਿੰਘ ਆਦਿ ਹਾਜ਼ਰ ਸਨ। ਇਸ ਸੰਬੰਧੀ ਜਦੋਂ ਮੌਜੂਦਾ ਸਰਪੰਚ ਨਾਲ ਮੋਬਾਇਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਬਾਹਰ ਗਏ ਹੋਏ ਹਨ। ਅਗਰ ਆਪ ਨੇ ਜ਼ਿਆਦਾ ਜਾਣਕਾਰੀ ਲੈਣੀ ਹੈ ਤਾਂ ਹਲਕਾ ਇੰਚਾਰਜ ਬਾਬੂ ਪ੍ਰਕਾਸ਼ ਚੰਦ ਗਰਗ ਨਾਲ ਗੱਲ ਕਰ ਲਓ।

# ਸੰਤ ਬਾਬਾ ਅਤਰ ਸਿੰਘ ਜੀ ਦੀ ਯਾਦ ਵਿੱਚ 83ਵਾਂ ਸਾਲਾਨਾ ਜੋੜ-ਮੇਲਾ ਗੁਰਦੁਆਰਾ ਸੰਤਪੁਰਾ 'ਚ

ਅਹਿਮਦਗੜ੍ਹ, 20 ਜਨਵਰੀ (ਪੱਤਰ ਪ੍ਰੇਰਕ)-ਵੀਹਵੀਂ ਸਦੀ ਦੇ ਮਹਾਨ ਤਪੱਸਵੀ ਅਵਤਾਰ, ਰਾਜ ਯੋਗੀ ਸੰਤ ਬਾਬਾ ਅਤਰ ਸਿੰਘ ਜੀ ਦੀ ਮਸਤੂਆਣੇ ਵਾਲਿਆਂ ਦੀ 83ਵੀਂ ਬਰਸੀ ਉਨ੍ਹਾਂ ਦੇ ਤਪ-ਅਸਥਾਨ ਗੁਰਦੁਆਰਾ ਸੰਤਪੁਰਾ ਸਾਹਿਬ ਪਿੰਡ ਮਹੇਰਨਾ ਕਲਾਂ (ਲੁਧਿਆਣਾ) ਵਿਖੇ 1 ਫਰਵਰੀ ਤੋਂ 3 ਫਰਵਰੀ ਨੂੰ ਮਨਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਪਾਲਾ ਸਿੰਘ ਜੀ ਨੇ ਕਿਹਾ ਕਿ ਇੱਕ ਫਰਵਰੀ ਨੂੰ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। 2 ਤੇ 3 ਫਰਵਰੀ ਨੂੰ ਮਹਾਨ ਕੀਰਤਨ ਦਰਬਾਰ ਤੇ ਢਾਡੀ ਦਰਬਾਰ ਹੋਵੇਗਾ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਸੰਤ ਬਾਬਾ ਸੁਖਵਿੰਦਰ ਸਿੰਘ ਟਿੱਬੇ ਵਾਲੇ, ਜ.ਸ. ਅੰਤਰ-ਰਾਸ਼ਟਰੀ ਸੰਤ ਸਮਾਜ (ਰਜਿ.) ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰ. ਰਤਨ ਸਿੰਘ ਆਲਮਗੀਰ ਪ੍ਰਧਾਨ ਅੰਤਰ-ਰਾਸ਼ਟਰੀ ਢਾਡੀ ਸਭਾ ਵਿਸ਼ੇਸ਼ ਤੌਰ 'ਤੇ ਢਾਡੀ ਵਾਰਾਂ ਗਾਇਨ ਕਰਨਗੇ। ਪੰਜਾਬ ਪ੍ਰਸਿੱਧ ਕਵੀਸ਼ਰ ਮਹਿਲ ਸਿੰਘ ਚੰਡੀਗੜ੍ਹ, ਜੁਗਰਾਜ ਸਿੰਘ ਤੇ ਗੁਰਲਾਲ ਸਿੰਘ ਵੀ ਹਾਜ਼ਰ ਹੋਣਗੇ। ਇਸ ਤੋਂ ਬਿਨਾਂ ਪੰਜਾਬ ਦੀਆਂ ਧਾਰਮਿਕ, ਸਮਾਜਿਕ ਤੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਵੀ ਇਸ ਜੋੜ-ਮੇਲੇ ਵਿੱਚ ਆਪਣੀ ਹਾਜ਼ਰੀ ਲੁਆਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਘਰ ਵਿੱਚ ਇਕੱਲੀ ਔਰਤ ਨੂੰ ਲੁੱਟਣ ਦੀ ਕੋਸ਼ਿਸ਼ ਨਾਕਾਮ

ਨਾਭਾ, 20 ਜਨਵਰੀ (ਰਾਜਿੰਦਰ ਸਿੰਘ ਕਪੂਰ)-ਸਥਾਨਕ ਮੁਹੱਲਾ ਗੁਰੂ ਨਾਨਕ ਪੁਰਾ ਵਿਖੇ ਦਿਨ ਦਿਹਾੜੇ ਦੋ ਲੁਟੇਰਿਆਂਵੱਲੋਂ ਇੱਕ ਘਰ ਵਿੱਚ ਦਾਖਲ ਹੋ ਕੇ ਚਾਕੂ ਦੀ ਨੋਕ 'ਤੇ ਇਕੱਲੀ ਔਰਤ ਨੂੰ ਲੁੱਟਣ ਦੀ ਨਾਕਾਮ ਕੋਸ਼ਿਸ਼ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮੁਹੱਲਾ ਗੁਰੂ ਨਾਨਕਪੁਰਾ ਦੇ ਨਿਵਾਸੀ ਤਿਲਕ ਮਨੋਚਾ ਦੇ ਘਰ ਅੱਜ ਦੁਪਹਿਰ ਕਰੀਬ ਇੱਕ ਵਜੇ ਜਦੋਂ ਉਸ ਦੀ ਨੂੰਹ ਪੂਜਾ ਪਤਨੀ ਯੁਗੇਸ਼ ਮਨੋਚਾ ਘਰ ਵਿੱਚ ਇਕੱਲੀ ਸੀ ਤਾਂ ਦੋ ਅਣਪਛਾਤੇ ਮੋਨੇ ਨੌਜਵਾਨ ਜਿਨ੍ਹਾਂ ਦੀ ਉਮਰ 22-25 ਸਾਲ ਦੇ ਕਰੀਬ ਸੀ, ਘਰ ਵਿੱਚ ਦਾਖਲ ਹੋਏ। ਇਸ ਸੰਬੰਧੀ ਪੂਜਾ ਨੇ ਦੱਸਿਆ ਕਿ ਉਕਤ ਨੌਜਵਾਨਾਂ ਨੇ ਉਸ ਕੋਲੋਂ ਮਾਮਾ-ਮਾਮੀ ਬਾਰੇ ਪੁੱਛਿਆ। ਉਸ ਨੇ ਕਿਹਾ ਕਿ ਉਹ ਦੁਕਾਨ 'ਤੇ ਹਨ ਬਾਅਦ ਵਿੱਚ ਜਦੋਂ ਉਨ੍ਹਾਂ ਪਾਣੀ ਮੰਗਿਆ ਤਾਂ ਜਦੋਂ ਉਹ ਰਸੋਈ ਵਿੱਚ ਪਾਣੀ ਲੈਣ ਗਈ ਤਾਂ ਇੱਕ ਨੌਜੁਆਨ ਨੇ ਚਾਕੂ ਕੱਢ ਲਿਆ ਤੇ ਦੂਸਰਾ ਬਾਹਰ ਖੜ੍ਹ ਗਿਆ। ਉਸ ਨੇ ਚਾਕੂ ਵਾਲੇ ਨੌਜਵਾਨ ਨੂੰ ਧੱਕਾ ਮਾਰ ਕੇ ਬਾਹਰ ਗਲੀ ਵਿੱਚ ਆ ਕੇ ਰੌਲਾ ਪਾ ਦਿੱਤਾ, ਜਿਸ ਨੂੰ ਸੁਣ ਕੇ ਉਨ੍ਹਾਂ ਦਾ ਗੁਆਂਢੀ ਸੀਤਾ ਰਾਮ ਰਾਵਲ ਉਨ੍ਹਾਂ ਲੁਟੇਰਿਆਂ ਪਿੱਛੇ ਭੱਜਿਆ, ਪਰ ਉਹ ਫਰਾਰ ਹੋਣ ਵਿੱਚ ਸਫਲ ਹੋ ਗਏ। ਇਸ ਸੰਬੰਧੀ ਥਾਣਾ ਕੋਤਵਾਲੀ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਨਾਭਾ ਸ਼ਹਿਰ ਵਿੱਚ ਦਿਨ ਦਿਹਾੜੇ ਲੁੱਟਾਂ, ਖੋਹਾਂ ਤੇ ਚੋਰੀ ਦੀਆਂ ਹੋ ਰਹੀਆਂ ਵਾਰਦਾਤਾਂ ਕਾਰਨ ਲੋਕਾਂ ਵਿੱਚ ਸਹਿਮ ਤੇ ਡਰ ਦਾ ਮਾਹੌਲ ਬਣਿਆ ਹੋਇਆ ਹੈ।

# ਸਰਕਾਰ ਪਿੰਡਾਂ 'ਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ-ਨੰਨੂ

ਫਿਰੋਜ਼ਪੁਰ, 20 ਜਨਵਰੀ (ਜੀ.ਐਸ. ਕਾਲੜਾ)- ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ ਦੇ ਪਿੰਡਾਂ ਵਿੱਚ ਵਿੱਦਿਆ ਦਾ ਪ੍ਰਸਾਰ ਕਰਨ ਦੇ ਲਈ ਆਧੁਨਿਕ ਸਹੂਲਤਾਂ ਵਾਲੇ ਮਾਡਲ ਸਕੂਲ ਖੋਲ੍ਹਣ ਦੀ ਤਜਵੀਜ਼ ਉਲੀਕੀ ਗਈ ਹੈ। ਪਿੰਡ ਉਸਮਾਨ ਵਾਲਾ ਵਿਖੇ 2.50 ਕਰੋੜ ਰੁਪਏ ਦੀ ਲਾਗਤ ਦੇ ਨਾਲ ਮਾਡਲ ਸਕੂਲ ਬਣਾਉਣ ਦੀ ਮਨਜ਼ੂਰੀ ਪੰਜਾਬ ਸਰਕਾਰ ਨੇ ਦੇ ਦਿੱਤੀ ਹੈ।

ਇਹ ਜਾਣਕਾਰੀ ਸ੍ਰ. ਸੁਖਪਾਲ ਸਿੰਘ ਨੰਨੂ ਮੁੱਖ ਸੰਸਦੀ ਸਕੱਤਰ ਪੰਜਾਬ ਨੇ ਫਿਰੋਜ਼ਪੁਰ ਵਿਖੇ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰ ਦੇ 46 ਪਿੰਡਾਂ ਵਿੱਚ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਲਈ 1.70 ਕਰੋੜ ਰੁਪਏ ਦੇ ਚੈੱਕ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੰਡਣ ਤੋਂ ਬਾਅਦ ਦਿੱਤੀ। ਇਸ ਮੌਕੇ 'ਤੇ ਸ੍ਰ. ਗੁਰਜੰਟ ਸਿੰਘ ਭੁੱਲਰ ਸ੍ਰ. ਨਰਿੰਦਰ ਸਿੰਘ ਜੋਸਨ, ਸ੍ਰੀ ਪਰਮਜੀਤ ਬੱਬੀ ਸਰਪੰਚ ਹਸਤੇਕੇ, ਸ੍ਰ. ਕਸ਼ਮੀਰ ਸਿੰਘ ਸਰਪੰਚ ਖਲਚੀ ਜ਼ਦੀਦ, ਸ੍ਰ. ਗੁਰਮੀਤ ਸਿੰਘ ਸਰਪੰਚ ਖਲਚੀਆਂ ਕਦੀਮ, ਬੀਬੀ ਸੁਰਜੀਤ ਕੌਰ ਸਰਪੰਚ ਆਸਲ, ਸ੍ਰ. ਪਰਮਜੀਤ ਸਿੰਘ ਸਰਪੰਚ ਸੂਬਾ ਕਾਹਨ ਚੰਦ, ਸ੍ਰੀ ਅਨਵਰ ਭੱਟੀ ਸਰਪੰਚ ਬਸਤੀ ਗੁਰਬਚਨ ਸਿੰਘ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਪੰਚ ਅਤੇ ਸਰਪੰਚ ਹਾਜ਼ਰ ਸਨ। ਇਸ ਮੌਕੇ 'ਤੇ ਸ੍ਰ. ਸੁਖਪਾਲ ਸਿੰਘ ਨੰਨੂ ਨੇ ਦੱਸਿਆ ਕਿ ਅੰਤਰ-ਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਪਿੰਡ ਬਾਰੇ ਕੇ ਦੇ ਸਕੂਲ ਨੂੰ ਅੱਪ ਗਰੇਡ ਕੀਤਾ ਗਿਆ ਹੈ। ਸਕੂਲ ਦੀ ਇਮਾਰਤ ਦੀ ਉਸਾਰੀ ਅਤੇ ਸਾਇੰਸ ਬਲਾਕ ਆਦਿ ਬਣਾਉਣ ਦੇ 57 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਰਕਾਰੀ ਗਰਲਜ਼ ਸੀ. ਸੈਕੰਡਰੀ ਸਕੂਲ ਫਿਰੋਜ਼ਪੁਰ ਵਿਖੇ 50 ਲੱਖ ਰੁਪਏ ਦੀ ਲਾਗਤ ਦੇ ਨਾਲ ਲੜਕੀਆਂ ਦੇ ਲਈ ਹੋਸਟਲ ਉਸਾਰਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਅੰਤਰ-ਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਸਤਲੁਜ ਦਰਿਆ ਤੋਂ ਪਾਰ ਦੇ ਪਿੰਡਾਂ ਦੇ ਵਸਨੀਕਾਂ ਦੇ ਲਈ 8 ਲੱਖ ਰੁਪਏ ਦੀ ਲਾਗਤ ਦੇ ਨਾਲ-ਨਾਲ ਬੇੜੀਆਂ ਪਿੰਡ ਕਾਲੂਵਾਲਾ ਆਦਿ ਨੂੰ ਦਿੱਤੀਆਂ ਜਾਣਗੀਆਂ।

ਸ੍ਰ. ਸੁਖਪਾਲ ਸਿੰਘ ਨੰਨੂ ਨੇ ਦੱਸਿਆ ਕਿ ਫਿਰੋਜ਼ਪੁਰ ਸ਼ਹਿਰ ਦੇ 25 ਵਾਰਡਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਹੈ। ਸ਼ਹਿਰ ਵਿੱਚ ਸਾਫ ਪੀਣ ਵਾਲੇ ਪਾਣੀ ਅਤੇ ਸੀਵਰੇਜ ਸਿਸਟਮ ਨੂੰ ਠੀਕ ਕਰਨ ਦੇ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਾਰਜ ਸਾਧਕ ਅਫਸਰ ਨਗਰ ਕੌਂਸਲ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕੀਤਾ ਅਤੇ ਸੀਵਰੇਜ਼ ਜਾਮ ਨੂੰ ਤੁਰੰਤ ਠੀਕ ਕਰਨ ਦੇ ਲਈ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵਿੱਚ ਸਫਾਈ ਕਰਮਚਾਰੀਆਂ ਦੀ ਘਾਟ ਨੂੰ ਪੂਰਾ ਕਰਨ ਦੇ ਲਈ ਡੇਲੀ ਵੇਜਿਜ਼ 'ਤੇ ਕਰਮਚਾਰੀ ਭਰਤੀ ਕੀਤੇ ਜਾਣ।

# ਭਾਜਪਾ ਨੇਤਾਵਾਂ ਨੇ ਜਯੋਤੀ ਬਾਸੂ ਨੂੰ ਦਿੱਤੀ ਸ਼ਰਧਾਂਜਲੀ

ਨੰਗਲ, 20 ਜਨਵਰੀ (ਗੁਰਬਿੰਦਰ ਸਿੰਘ ਜੰਡੀਰ, ਧਰਮਪਾਲ)-ਭਾਰਤ ਦੇ ਯੁੱਗ ਪੁਰਸ਼ ਅਤੇ 23 ਸਾਲ ਲਗਾਤਾਰ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ ਸਵਰਗੀ ਕਾਮਰੇਡ ਜਯੋਤੀ ਬਾਸੂ ਨੂੰ ਦੇਸ਼ ਭਰ ਦੀਆਂ ਰਾਜਨੀਤਕ ਪਾਰਟੀਆਂ ਸ਼ਰਧਾ ਦੇ ਫੁੱਲ ਭੇਟ ਕਰ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਸ੍ਰੀ ਮਦਨ ਮੋਹਨ ਮਿੱਤਲ ਸਾਬਕਾ ਮੰਤਰੀ ਪੰਜਾਬ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਰੂਪ ਨਗਰ, ਨੰਗਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸ੍ਰੀ ਚੰਦਰ ਕੁਮਾਰ ਬਜਾਜ, ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਪ੍ਰੇਮ ਕਪੂਰ, ਜ਼ਿਲ੍ਹਾ ਜਨਤਾ ਯੁਵਾ ਮੋਰਚਾ ਰੂਪਨਗਰ ਦੇ ਪ੍ਰਧਾਨ ਸ੍ਰੀ ਸੰਜੀਵ ਸ਼ਰਮਾ, ਜ਼ਿਲ੍ਹਾ ਕਾਰਜ ਕਾਰਨੀ ਮੈਂਬਰ ਡਾ. ਪਰਮਿੰਦਰ ਸਿੰਘ, ਡਾ. ਸੰਜੀਵ ਗੌਤਮ, ਸ੍ਰੀ ਮੋਤੀ ਲਾਲ, ਸ੍ਰੀ ਪ੍ਰੇਮ ਕੁਮਾਰ ਸ਼ਿਮਲਾ ਸਵੀਟਸ, ਵਿਨੋਦ ਸ਼ਰਮਾ ਬਲਾਕ ਸੰਮਤੀ ਦੇ ਚੇਅਰਮੈਨ ਚੌਧਰੀ ਮੋਹਨ ਲਾਲ ਦੜੌਲੀ ਆਦਿ ਆਗੂਆਂ ਨੇ ਕਾਮਰੇਡ ਜਯੋਤੀ ਬਾਸੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਖਿਆ ਹੈ ਕਿ ਕਾਮਰੇਡ ਬਾਸੂ ਦੇ ਅਕਾਲ ਚਲਾਣੇ ਨਾਲ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਮੱਖੂ ਦੀ ਹੈਲੋ-ਹੈਲੋ ਵਾਲੀ ਐਕਸਚੇਂਜ ਦੀ ਸਥਿਤੀ ਮਾੜੀ

ਮੱਖੂ, 20 ਜਨਵਰੀ (ਮੱਲ੍ਹੀ)-ਮੱਖੂ ਟੈਲੀਫੋਨ ਐਕਸਚੇਂਜ ਦੀ ਹਾਲਤ ਬੀਤੇ 20 ਦਿਨਾਂ ਤੋਂ ਬਹੁਤ ਮਾੜੀ ਹੈ। ਇਸ ਐਕਸਚੇਂਜ ਤੋਂ ਚੱਲ ਰਹੇ ਕਸਬੇ ਦੇ ਟੈਲੀਫੋਨ 20-25 ਦਿਨਾਂ ਤੋਂ ਬੰਦ ਪਏ ਹਨ ਜਾਂ ਖਰਾਬ ਚੱਲ ਰਹੇ ਹਨ। ਟੈਲੀਫੋਨ ਦੇ ਅਧਿਕਾਰੀ ਇਨ੍ਹਾਂ ਖਰਾਬ ਪਏ ਨੰਬਰਾਂ ਨੂੰ ਜਾਣ-ਬੁੱਝ ਕੇ ਠੀਕ ਨਹੀਂ ਕਰਦੇ, ਅੱਗੋਂ ਖਰਾ ਜਵਾਬ ਦਿੰਦੇ ਹਨ ਕਿ ਸਾਡੇ ਠੀਕ ਕਰਨ ਵਾਲੇ ਆਦਮੀ ਨਹੀਂ ਹਨ। ਉਪ ਭੋਗਤਾਵਾਂ ਨੇ ਦੱਸਿਆ ਕਿ ਅਸੀਂ ਕਈ ਬਾਰ ਲਿਖਤੀ ਸ਼ਿਕਾਇਤਾਂ ਕਰ ਚੁੱਕੇ ਹਾਂ ਤੇ ਟੈਲੀਫੋਨ ਦੇ ਅਧਿਕਾਰੀਆਂ ਨੂੰ ਜ਼ੁਬਾਨੀ ਕਹਿ ਚੁੱਕੇ ਹਾਂ। ਐਕਸਚੇਂਜ ਦੇ ਅਧਿਕਾਰੀ ਟਾਲ-ਮਟੋਲ ਕਰ ਰਹੇ ਹਨ। ਮੱਖੂ ਕਸਬੇ ਨੇ ਲੋਕਾਂ ਨੇ ਟੈਲੀਫੋਨ ਐਕਸਚੇਂਜ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਹੈ ਕਿ ਉਹ ਇਸ ਪਾਸੇ ਧਿਆਨ ਦੇਣ ਤੇ ਲੋਕਾਂ ਦੇ ਬੰਦ ਪਏ ਫੋਨ ਠੀਕ ਕੀਤੇ ਜਾਣ।

# ਪੰਚ ਦੀ ਉਪ ਚੋਣ ਵਿੱਚੋਂ ਅਕਾਲੀ ਉਮੀਦਵਾਰ ਜਸਵਿੰਦਰ ਕੌਰ 14 ਵੋਟਾਂ ਦੇ ਫਰਕ ਨਾਲ ਜੇਤੂ

ਸ਼ਾਹਕੋਟ, 20 ਜਨਵਰੀ (ਜਿੰਦਰਪਾਲ ਸਿੰਘ)-ਨਜ਼ਦੀਕੀ ਪਿੰਡ ਢੰਡੋਵਾਲ ਵਿਖੇ ਪੰਚ ਦੀ ਹੋਈ ਉਪ ਚੋਣ ਵਿੱਚੋਂ ਸ਼੍ਰੋਮਣੀ ਅਕਾਲੀ ਦਲ (ਬ) ਦੀ ਉਮੀਦਵਾਰ ਜਸਵਿੰਦਰ ਕੌਰ ਨੇ ਆਪਣੇ ਕਾਂਗਰਸ ਪਾਰਟੀ ਦੇ ਵਿਰੋਧੀ ਉਮੀਦਵਾਰ ਸੁਰਿੰਦਰਜੀਤ ਸਿੰਘ ਚੱਠਾ ਨੂੰ 14 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਰਿਟਰਨਿੰਗ ਅਫਸਰ ਪੀ.ਐੱਲ. ਸੈਣੀ ਨੇ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਿੰਡ ਢੰਡੋਵਾਲ ਦੇ ਸਰਪੰਚ ਕਰਨੈਲ ਸਿੰਘ ਚੱਠਾ ਦੀ ਮੌਤ ਹੋ ਜਾਣ ਤੇ ਪੰਚ ਦੀ ਇਹ ਸੀਟ ਖਾਲੀ ਹੋ ਗਈ ਸੀ। ਇਸ ਖਾਲੀ ਸੀਟ ਨੂੰ ਪੁਰ ਕਰਨ ਲਈ ਹੀ ਚੋਣ ਕਮਿਸ਼ਨ ਪੰਜਾਬ ਦੀਆਂ ਹਦਾਇਤਾਂ 'ਤੇ ਅੱਜ ਦੀ ਇਹ ਚੋਣ ਕਰਵਾਈ ਗਈ ਸੀ। ਸੰਵੇਦਨਸ਼ੀਲ ਪਿੰਡ ਹੋਣ ਕਰਕੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਨਤੀਜਾ ਐਲਾਨੇ ਜਾਣ ਤੱਕ ਦਾ ਸਮੁੱਚਾ ਕੰਮ ਜਦੋਂ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹ ਗਿਆ ਤੰ ਕਿਸੇ ਜਾ ਕੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਸੁਖ ਦਾ ਸਾਹ ਲਿਆ। ਰਿਟਰਨਿੰਗ ਅਫਸਰ ਸ੍ਰੀ ਸੈਣੀ ਨੇ ਦੱਸਿਆ ਕਿ ਪਿੰਡ ਢੰਡੋਵਾਲ ਵਿੱਚ ਪੰਚੀ ਦੀ ਚੋਣ ਲਈ ਕੁੱਲ 1285 ਵੋਟਾਂ ਵਿੱਚੋਂ 1079 ਵੋਟਾਂ ਪੋਲ ਹੋਈਆਂ। ਪੋਲ ਹੋਈਆਂ ਵੋਟਾਂ ਵਿੱਚ ਕਾਂਗਰਸੀ ਉਮੀਦਵਾਰ ਸੁਰਿੰਦਰਜੀਤ ਸਿੰਘ ਚੱਠਾ ਨੂੰ 522 ਅਤੇ ਅਕਾਲੀ ਉਮੀਦਵਾਰ ਸ੍ਰੀਮਤੀ ਜਸਵਿੰਦਰ ਕੌਰ ਨੂੰ 536 ਵੋਟਾਂ ਪ੍ਰਾਪਤ ਹੋਈਆਂ। ਜਦੋਂ ਕਿ 21 ਵੋਟਾਂ ਕੈਂਸਲ ਪਾਈਆਂ ਗਈਆਂ। ਇਸ ਪ੍ਰਕਾਰ 14 ਵੋਟਾਂ ਵੱਧ ਪ੍ਰਾਪਤ ਕਰਕੇ ਅਕਾਲੀ ਉਮੀਦਵਾਰ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਨੂੰ ਹਰਾਉਣ ਵਿੱਚ ਕਾਮਯਾਬ ਹੋ ਗਈ।

ਇਸ ਚੋਣ ਨੂੰ ਲੈ ਕੇ ਇਲਾਕੇ ਭਰ ਵਿੱਚ ਭਾਰੀ ਉਤਸੁਕਤਾ ਪਾਈ ਜਾ ਰਹੀ ਸੀ। ਵੋਟਾਂ ਪੈਣ ਤੋਂ ਲੈ ਕੇ ਗਿਣਤੀ ਹੋਣ ਤੱਕ ਉਕਤ ਦੋਹਾਂ ਪਾਰਟੀਆਂ ਦੇ ਇਲਾਕੇ ਭਰ ਦੇ ਸਮਰੱਥਕ ਸਾਹ ਸੂਤ ਕੇ ਨਤੀਜੇ ਦੀ ਉਡੀਕ ਕਰਦੇ ਰਹੇ। ਜ਼ਿਕਰਯੋਗ ਹੈ ਕਿ ਕਰੀਬ ਸਾਲ ਪਹਿਲਾਂ ਹੋਈਆਂ ਪੰਚਾਇਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਜ਼ਿਆਦਾ ਮੈਂਬਰ ਜਿੱਤ ਜਾਣ ਕਾਰਨ ਅਕਾਲੀ ਆਗੂ ਬਲਦੇਵ ਸਿੰਘ ਚੱਠਾ ਸਰਪੰਚ ਹਾਸਲ ਕਰਨ ਤੋਂ ਵਾਂਝਾ ਰਹਿ ਗਿਆ ਸੀ। ਅੱਜ ਉਸ ਦੀ ਧਰਮ ਪਤਨੀ ਜਿੱਤ ਜਾਣ ਕਾਰਨ ਬਲਦੇਵ ਸਿੰਘ ਚੱਠਾ ਦੇ ਸਰਪੰਚ ਬਣ ਜਾਣ ਦੇ ਅਸਾਰ ਬਣ ਗਏ ਹਨ।

# ਦੁੱਖ ਦਾ ਪ੍ਰਗਟਾਵਾ

ਮਹਿਲ ਕਲਾਂ, 20 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਅਮਨਦੀਪ ਸਿੰਘ ਕਾਂਝਲਾ ਨੇ ਪਿੰਡ ਕਲਾਲ ਮਾਜਰਾ ਵਿਖੇ ਉੱਘੇ ਸਮਾਜ ਸੇਵਕ ਪ੍ਰੈਸ ਕਲੱਬ ਰਜਿ. ਮਹਿਲ ਕਲਾਂ (ਬਰਨਾਲਾ) ਦੇ ਪ੍ਰਚਾਰਕ ਸਕੱਤਰ ਡਾ. ਰਾਜੂ ਗਿੱਲ ਕਲਾਲ ਮਾਜਰਾ ਦੇ ਪੂਜਨੀਕ ਪਿਤਾ ਸ. ਬੂਟਾ ਸਿੰਘ ਗਿੱਲ ਦੇ ਸਦੀਵੀਂ ਵਿਛੋੜੇ ਦੇ ਜਾਣ 'ਤੇ ਗਿੱਲ ਪਰਿਵਾਰ ਨਾਲ ਸਮੂਹ ਕਾਂਝਲਾ ਪਰਿਵਾਰ ਵਲੋਂ ਦੁੱਖ ਸਾਂਝਾ ਕਰਦਿਆਂ ਹਰ ਸਮੇਂ ਸਹਿਯੋਗ ਦਾ ਭਰੋਸਾ ਦਿੱਤਾ। ਸੀਨੀਅਰ ਯੂਥ ਨੇਤਾ ਸ. ਕਾਂਝਲਾ ਨੇ ਕਿਹਾ ਕਿ ਗਿੱਲ ਪਰਿਵਾਰ ਨੇ ਹਮੇਸ਼ਾ ਹੀ ਪੰਥ ਦੀ ਚੜ੍ਹਦੀ ਕਲਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। ਜਿਸ ਸਦਕਾ ਹੀ ਪਾਰਟੀ ਵਲੋਂ ਗਿੱਲ ਪਰਿਵਾਰ ਨੂੰ ਬਣਦਾ ਮਾਣ-ਸਤਿਕਾਰ ਹਮੇਸ਼ਾ ਹੀ ਦਿੱਤਾ ਜਾਵੇਗਾ। ਇਸ ਮੌਕੇ ਕਿਸਾਨ ਆਗੂ ਮੱਖਣ ਸਿੰਘ ਗਿੱਲ, ਮੁਲਾਜ਼ਮ ਆਗੂ ਗੁਰਵਿੰਦਰ ਸਿੰਘ ਧਾਲੀਵਾਲ, ਹਰਦੇਵ ਸਿੰਘ ਹੈਪੀ, ਪ੍ਰੈਸ ਕਲੱਬ ਦੇ ਖਜਾਨਚੀ ਬਲਜਿੰਦਰ ਸਿੰਘ ਢਿੱਲੋਂ, ਯੂਥ ਆਗੂ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਗੁਰਬਾਣੀ ਸਰਵਣ ਕਰਨ ਨਾਲ ਘਾਤਕ ਰੋਗ ਵੀ ਦੂਰ ਹੋ ਜਾਂਦੇ ਹਨ

ਅਹਿਮਦਗੜ੍ਹ, ਪੱਖੋਵਾਲ, 20 ਜਨਵਰੀ (ਪ.ਪ.)-ਜੀ ਹਾਂ ਇਹ ਇੱਕ ਅਟਲ ਸਚਾਈ ਹੈ ਕਿ ਇੱਕ ਪ੍ਰਮਾਣੂ ਵਿਗਿਆਨੀ ਨੂੰ ਲੱਗੇ ਘਾਤਕ ਰੋਗ ਗੁਰਬਾਣੀ ਸੁਣਨ ਨਾਲ ਦੂਰ ਹੋਏ ਹਨ, ਜੋ ਕਿ ਇੱਕ ਅਟੱਲ ਸਚਾਈ ਹੈ ਕਿ ਜਦੋਂ ਸਾਡੇ ਡਾਕਟਰਾਂ ਨੇ ਪ੍ਰਮਾਣ ਵਿਗਿਆਨੀ ਨੂੰ ਇਲਾਜ ਤੋਂ ਜੁਆਬ ਦੇ ਦਿੱਤਾ ਸੀ ਤੇ ਉਸ ਨੂੰ ਗੁਰਬਾਣੀ ਸੁਣਨ ਨਾਲ ਸਾਰੇ ਰੋਗ ਦੂਰ ਹੋ ਗਏ। ਇਹ ਵਿਚਾਰ ਜਥੇਦਾਰ ਭਾਈ ਜਸਵੰਤ ਸਿੰਘ ਦਿਓਲ ਮੁੱਖ ਸੇਵਾਦਾਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਧਾਲੀਆ ਨੇ ਧਾਰਮਿਕ ਸਮਾਗਮ 'ਚ ਬੋਲਦਿਆਂ ਕਹੇ ਕਿ ਗੁਰਦੁਆਰਾ ਸਾਹਿਬ ਵਿਖੇ ਸ਼ੂਗਰ ਵਰਗੇ ਘਾਤਕ ਰੋਗ ਦੀ ਦਵਾਈ ਹਰ ਐਤਵਾਰ ਨੂੰ ਦਿੱਤੀ ਜਾਂਦੀ ਹੈ।, ਜਿਸ ਨਾਲ ਬਹੁਤ ਸਾਰੇ ਸ਼ੂਗਰ ਪੀੜਤਾਂ ਨੂੰ ਇਸ ਬਿਮਾਰੀ ਤੋਂ ਨਿਜ਼ਾਤ ਪ੍ਰਾਪਤ ਹੁੰਦੀ ਹੈ, ਉਨ੍ਹਾਂ ਅੱਗੇ ਕਿਹਾ ਕਿ ਇਹ ਧਾਤਕ ਬਿਮਾਰੀ ਦਾ ਡਾਕਟਰਾਂ ਤੋਂ ਇਲਾਜ ਨਹੀਂ ਹੁੰਦਾ, ਕਿਉਂਕਿ ਇਸ ਇਲਾਜ ਲਈ ਬਹੁਤ ਪੈਸਾ ਮਰੀਜਾਂ ਤੋਂ ਲੈ ਕੇ ਲੈਂਦੇ ਹਨ। ਪਰ ਗੁਰਦੁਆਰਾ ਸਾਹਿਬ ਵੱਲੋਂ ਦਿੱਤੀ ਜਾਂਦੀ ਸੂਗਰ ਦੀ ਮੁਫਤ ਦਿਵਾਈ ਨਾਲ ਮਰੀਜ਼ਾਂ ਦਾ ਇਲਾਜ ਹੋ ਰਿਹਾ ਹੈ। ਜਿਸ ਦਾ ਇੱਕ ਵੱਡਾ ਕਾਰਨ ਹੈ ਕਿ ਇਸ ਵਿੱਚ ਗੁਰਬਾਣੀ ਦੀ ਸ਼ਕਤੀ ਹੀ ਹੈ, ਜੋ ਸਰਬ ਰੋਗਾਂ ਦਾ ਵਿਨਾਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵੱਲੋਂ ਮੱਸਿਆ ਦੇ ਦਿਹਾੜੇ 'ਤੇ ਅੰਮ੍ਰਿਤ-ਸੰਚਾਰ ਹੁੰਦਾ ਹੈ ਤੇ ਸਮੇਂ-ਸਮੇਂ ਸਮੇਂ 'ਤੇ ਫਰੀ ਮੈਡੀਕਲ ਕੈਂਪ ਤੇ ਅੱਖਾਂ, ਦੰਦਾਂ ਆਦਿ ਦੇ ਮੁਫਤ ਕੈਂਪ ਲਗਾਏ ਜਾਂਦੇ ਹਨ।

# ਮਾਤਾ-ਪਿਤਾ ਦੀ ਸੋਚ-ਸੰਗਤਾਂ ਦੀ ਅਸੀਸ ਸਦਕਾ ਹੀ ਅਹਿਮ ਮੁਕਾਮ 'ਤੇ ਪਹੁੰਚੇ ਹਾਂ-ਭਾਈ ਹਰਨਾਮ ਸਿੰਘ ਸ੍ਰੀਨਗਰ ਵਾਲੇ

ਫਿਰੋਜ਼ਪੁਰ, 20 ਜਨਵਰੀ (ਜੀ.ਐਸ.ਕਾਲੜਾ)- ਆਪਣੀ ਸੁਰੀਲੀ ਆਵਾਜ਼ ਵਿੱਚ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਦੇ ਹਿਰਦਿਆਂ ਵਿੱਚ ਆਪਣੀ ਵਿਸ਼ੇਸ਼ ਸਤਿਕਾਰ ਬਣਾਈ ਬੈਠੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਹਰਨਾਮ ਸਿੰਘ ਸ੍ਰੀਨਗਰ ਵਾਲਿਆਂ ਨੇ ਅੱਜ ਇੱਥੇ ਦੱਸਿਆ ਕਿ ਉਹ ਜਿਸ ਮੁਕਾਮ 'ਤੇ ਅੱਜ ਪਹੁੰਚੇ ਹਨ, ਉਹ ਗੁਰੂ ਦੀ ਬਖਸ਼ਿਸ਼, ਮਾਤਾ-ਪਿਤਾ ਦੀ ਸੋਚ ਅਤੇ ਸੰਗਤਾਂ ਦੀ ਅਸੀਸ ਸਦਕਾ ਹੀ ਪਹੁੰਚੇ ਹਨ। ਭਾਈ ਹਰਨਾਮ ਸਿੰਘ ਜੋ ਕਿ ਇੱਥੇ ਇੱਕ ਧਾਰਮਿਕ ਸਮਾਗਮ ਵਿੱਚ ਭਾਗ ਲੈਣ ਲਈ ਵਿਸੇਸ਼ ਤੌਰ 'ਤੇ ਪਹੁੰਚੇ ਸਨ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਦੇ ਗ੍ਰਹਿ ਵਿਖੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਦਾ ਹੋਣ ਕਰਕੇ ਉਨ੍ਹਾਂ ਨੇ ਆਪਣਾ ਵਿਸ਼ਵਾਸ ਕੀਰਤਨ ਦੀ ਸਿਖਲਾਈ ਵੱਲ ਦਿੱਤਾ, ਜਿਸ ਦੇ ਲਈ ਉਨ੍ਹਾਂ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ 1980 ਤੋਂ 1984 ਤੱਕ ਸਿਖਲਾਈ ਲੈਣ ਉਪਰੰਤ ਕੁੱਝ ਦੇਰ ਸ੍ਰੀਨਗਰ ਵਿੱਚ ਕੀਰਤਨ ਦੀ ਸੇਵਾ ਕੀਤੀ, ਜਿਸ ਦੇ ਲਈ ਉਨ੍ਹਾਂ ਦੇ ਨਾਮ ਦੇ ਪਿੱਛੇ ਸ੍ਰੀਨਗਰ ਲੱਗ ਗਿਆ, ਪਰ ਕੁੱਝ ਸਮੇਂ ਬਾਅਦ ਪੰਜਾਬ ਆਉਣ ਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਦੀ ਸੇਵਾ ਸੌਂਪ ਦਿੱਤੀ ਗਈ ਜੋ ਅੱਜ ਤੱਕ ਨਿਰੰਤਰ ਜਾਰੀ ਹੈ। ਉਨ੍ਹਾਂ ਦੇ ਨਾਲ ਭਾਈ ਕਮਲਜੀਤ ਸਿੰਘ ਸਹਾਇਕ ਕੀਰਤਨੀਏ ਅਤੇ ਉਨ੍ਹਾਂ ਦੇ ਸਪੁੱਤਰ ਹਰਕੰਵਰ ਸਿੰਘ ਤਬਲੇ ਦੀ ਸੇਵਾ ਨਿਭਾਉਂਦੇ ਹਨ। ਉਨ੍ਹਾਂ ਨੇ 1976-77 ਵਿੱਚ ਹੀ ਆਪਣੇ ਸਾਥੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨਾਲ ਹੀ ਕੀਰਤਨ ਦੀ ਦਾਤ ਲਈ ਅਤੇ ਇਕੱਲੇ ਹੀ ਸ੍ਰੀਨਗਰ ਰਹੇ। ਇਸ ਸਮੇਂ ਉਨ੍ਹਾਂ ਨੇ ਸੰਗਤਾਂ ਨੂੰ ਇਹ ਅਪੀਲ ਕੀਤੀ ਕਿ ਉਹ ਪਾਖੰਡੀ ਸਾਧਾਂ ਤੋਂ ਸਾਵਧਾਨ ਰਹਿ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਆਪਣਾ ਜੀਵਨ ਸਫਲ ਕਰਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਭਾਈ ਜਸਪਾਲ ਸਿੰਘ, ਭਗਵਾਨ ਸਿੰਘ ਦੜਿਆਲਾ, ਸੁੱਚਾ ਸਿੰਘ ਸਿੱਧੂ, ਧਰਮ ਸਿੰਘ ਵਿਰਕ, ਗੁਰਬਖਸ਼ ਸਿੰਘ ਲਾਹੌਰੀਆ, ਪਰਮਿੰਦਰ ਸਿੰਘ ਮਨੀ, ਹਰਮਿੰਦਰ ਸਿੰਘ ਅਤੇ ਦਲਜੀਤ ਸਿੰਘ ਕੌਂਸਲਰ ਵੀ ਹਾਜ਼ਰ ਸਨ।